# ਧੂੰਏਂ ਦੇ ਅਲਾਰਮ: ਇਹ ਕਨੂੰਨੀ ਤੌਰ ਤੇ ਜ਼ਰੂਰੀ ਹਨ

**ਜੇਕਰ ਤੁਹਾਡੇ ਘਰ ਵਿੱਚ ਅੱਗ ਲੱਗ ਜਾਵੇ ... ਤਾਂ ਬਾਹਰ ਨਿੱਕਲ ਜਾਓ। ਬਾਹਰ ਹੀ ਰਹੋ। ਤੁਰੰਤ 9-1-1 ਤੇ ਫੋਨ ਕਰੋ।**



ਆਪਣੇ ਘਰ ਦੀ ਹਰੇਕ ਮੰਜ਼ਲ ਤੇ ਅਤੇ ਸੌਣ ਵਾਲੇ ਸਾਰੇ ਹਿੱਸਿਆਂ ਦੇ ਬਾਹਰ ਧੂੰਏਂ ਦੇ ਚਾਲੂ ਅਲਾਰਮ ਲਗਵਾਓ। ਇਹ ਮਕਾਨ ਮਾਲਕਾਂ ਦੀ ਜ਼ਿੰਮੇਵਾਰੀ ਹੈ ਕਿ ਧੂੰਏਂ ਦੇ ਅਲਾਰਮ ਇੰਸਟਾਲ ਕੀਤੇ ਜਾਣ ਅਤੇ ਉਹਨਾਂ ਦੀ ਦੇਖਭਾਲ ਕੀਤੀ ਜਾਵੇ। ਇਹ ਯਕੀਨੀ ਬਣਾਉਣਾ ਵੀ ਮਕਾਨ ਮਾਲਕਾਂ ਦੀ ਜ਼ਿੰਮੇਵਾਰੀ ਹੈ ਕਿ ਉਹਨਾਂ ਦੀ ਕਿਰਾਏ ਵਾਲੀਆਂ ਪ੍ਰਾਪਰਟੀਜ ਤੇ ਵੀ ਕਨੂੰਨ ਦੀ ਪਾਲਣਾ ਕੀਤੀ ਜਾ ਰਹੀ ਹੈ।



ਕਿਰਾਏ ਦੇ ਘਰ ਵਿੱਚ ਰਹਿਣ ਵਾਲਿਆਂ ਲਈ ਇਹ ਲਾਜ਼ਮੀ ਹੈ ਕਿ ਉਹ ਜਿੰਨੀ ਜਲਦੀ ਹੋ ਸਕੇ, ਮਕਾਨ ਮਾਲਕ ਨੂੰ ਸੂਚਨਾ ਦੇਣ, ਜਦੋਂ ਹੀ ਉਹਨਾਂ ਨੂੰ ਹੇਠਾਂ ਲਿਖੀਆਂ ਗੱਲਾਂ ਦਾ ਪਤਾ ਲੱਗੇ:

- ਉਹਨਾਂ ਦੇ ਘਰ ਵਿੱਚ ਧੂੰਏਂ ਦਾ ਅਲਾਰਮ ਡਿਸਕਨੈਕਟ ਹੋ ਗਿਆ ਹੋਵੇ।
- ਉਹਨਾਂ ਦੇ ਘਰ ਵਿੱਚ ਧੂੰਏਂ ਦਾ ਅਲਾਰਮ ਚੱਲ ਨਹੀਂ ਰਿਹਾ ਹੈ ਜਾਂ ਖਰਾਬ ਹੈ।

ਕਿਰਾਏਦਾਰਾਂ ਲਈ ਲਾਜ਼ਮੀ ਹੈ ਕਿ ਉਹ ਧੂੰਏਂ ਦੇ ਅਲਾਰਮ ਡਿਸੇਬਲ ਨਾ ਕਰਨ। ਇਹ ਕਨੂੰਨ ਦੇ ਵਿਰੁੱਧ ਹੈ!



ਵਾਧੂ ਸੁਰੱਖਿਆ ਲਈ, ਸਾਰੇ ਬੈੱਡਰੂਮਾਂ ਵਿੱਚ ਧੂੰਏਂ ਦੇ ਅਲਾਰਮ ਇੰਸਟਾਲ ਕਰੋ।



ਮਹੀਨੇ ਵਿੱਚ ਇੱਕ ਵਾਰ, ਧੂੰਏਂ ਦੇ ਅਲਾਰਮਾਂ ਦੇ ਟੈਸਟ ਬਟਨ ਨੂੰ ਦਬਾ ਕੇ ਰੱਖਦੇ ਹੋਏ ਉਹਨਾਂ ਨੂੰ ਟੈਸਟ ਕਰੋ।



ਬੈਟਰੀਆਂ ਨੂੰ ਸਾਲ ਵਿੱਚ ਘੱਟੋ-ਘੱਟ ਇੱਕ ਵਾਰ ਜਾਂ ਅਲਾਰਮ ਦੇ ਚੀਂ-ਚੀਂ ਦੀ ਅਵਾਜ਼ ਕਰਨ ਤੇ ਬਦਲੋ। ਅਜਿਹੇ ਅਲਾਰਮ ਵਰਤਣ ਬਾਰੇ ਸੋਚੋ, ਜਿਹਨਾਂ ਦੀ ਚਿੰਤਾ-ਮੁਕਤ 10 ਸਾਲ ਚੱਲਣ ਵਾਲੀ ਲਿਥੀਅਮ ਬੈਟਰੀ ਹੋਵੇ।



10 ਸਾਲ ਤੋਂ ਵੱਧ ਪੁਰਾਣੇ ਧੂੰਏਂ ਦੇ ਅਲਾਰਮ ਨੂੰ ਬਦਲੋ, ਜਿਸ ਵਿੱਚ ਹਾਰਡਵਾਇਰਡ/ਇਲੈਕਟ੍ਰੀਕਲ ਅਲਾਰਮ ਵੀ ਸ਼ਾਮਲ ਹਨ।



ਜਦੋਂ ਸੰਭਵ ਹੋਵੇ, ਤਾਂ ਇੰਟਰਕਨੈਕਟਿਡ ਧੂੰਏਂ ਦੇ ਅਲਾਰਮ ਇੰਸਟਾਲ ਕਰੋ। ਜਦੋਂ ਇੱਕ ਅਵਾਜ਼ ਕਰੇ, ਤਾਂ ਉਹ ਸਾਰੇ ਅਵਾਜ਼ ਕਰਨ, ਤਾਂ ਜੋ ਘਰ ਵਿੱਚ ਹਰੇਕ ਮੰਜ਼ਲ ਤੇ ਰਹਿਣ ਵਾਲਿਆਂ ਨੂੰ ਸੁਚੇਤ ਕੀਤਾ ਜਾ ਸਕੇ।



ਇੰਟਰਕਨੈਕਟਿਡ ਧੂੰਏਂ ਦੇ ਅਲਾਰਮ ਬਦਲਦੇ ਸਮੇਂ, ਇਹ ਸਲਾਹ ਦਿੱਤੀ ਜਾਂਦੀ ਹੈ ਕਿ ਸਿਸਟਮ ਵਿਚਲੀਆਂ ਸਾਰੀਆਂ ਯੂਨਿਟਾਂ ਨੂੰ ਇੱਕੋ ਸਮੇਂ ਬਦਲੋ। ਜੇਕਰ ਤੁਹਾਨੂੰ ਇੱਕੋ ਖਰਾਬ ਅਲਾਰਮ ਨੂੰ ਬਦਲਣ ਦੀ ਲੋੜ ਹੈ, ਤਾਂ ਯਕੀਨੀ ਬਣਾਓ ਕਿ ਨਵਾਂ ਅਲਾਰਮ, ਮੌਜੂਦਾ ਯੂਨਿਟਾਂ ਦੇ ਨਾਲ ਅਨੁਕੂਲ ਹੈ।



ਜੇਕਰ ਤੁਹਾਡਾ ਧੂੰਏਂ ਦਾ ਅਲਾਰਮ, ਤੁਹਾਡੇ ਵੱਲੋਂ ਭੋਜਨ ਬਣਾਉਂਦੇ ਸਮੇਂ ਵਾਰ-ਵਾਰ ਐਕਟੀਵੇਟ ਹੁੰਦਾ ਹੈ, ਤਾਂ ਬੈਟਰੀ ਜਾਂ ਅਲਾਰਮ ਨਾ ਹਟਾਓ। ਅਲਾਰਮ ਨੂੰ ਕਿਸੇ ਹੋਰ ਥਾਂ ਤੇ ਲਗਾਉਣ ਜਾਂ ਫੋਟੋਇਲੈਕਟ੍ਰਿਕ ਯੂਨਿਟ ਦੇ ਨਾਲ ਬਦਲਣ ਬਾਰੇ ਸੋਚੋ।




ਅਜਿਹੇ ਧੂੰਏਂ ਦੇ ਅਲਾਰਮ ਅਤੇ ਡਿਵਾਈਸਾਂ ਇੰਸਟਾਲ ਕਰੋ, ਜੋ ਉਹਨਾਂ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਦੇ ਹੋਣ, ਜਿਹਨਾਂ ਨੂੰ ਸੁਣਨ ਸਬੰਧੀ ਵਿਗਾੜ ਹੈ ਜਾਂ ਸੁਣਨ ਵਿੱਚ ਪਰੇਸ਼ਾਨੀ ਹੈ। ਅਜਿਹੀਆਂ ਡਿਵਾਈਸਾਂ ਵਿੱਚ ਸ਼ਾਮਲ ਹਨ, ਵਿਜੁਅਲ ਚੇਤਾਵਨੀਆਂ ਲਈ ਫਲੈਸ਼ਿੰਗ ਸਟ੍ਰੋਬ ਲਾਈਟਸ ਅਤੇ ਸਟੈਂਡਰਡ ਧੂੰਏਂ ਦੇ ਅਲਾਰਮ ਦੀ ਅਵਾਜ਼ ਨਾਲ ਐਕਟੀਵੇਟ ਹੋਣ ਵਾਲਾ ਸਿਰ੍ਹਾਣਾ ਜਾਂ ਬੈੱਡ ਸ਼ੇਕਰ।

905.458.5580
bramptonfire.com
firelife@brampton.ca
BramptonFire
@BramptonFireES

BRAMPTON FIRE & EMERGENCY SERVICES

# ਧੂੰਏਂ ਦੇ ਅਲਾਰਮ: ਇਹ ਕਨੂੰਨੀ ਤੌਰ ਤੇ ਜ਼ਰੂਰੀ ਹਨ

ਉਹਨਾਂ ਨੂੰ ਖਰੀਦੋ – ਉਹਨਾਂ ਨੂੰ ਇੰਸਟਾਲ ਕਰੋ – ਉਹਨਾਂ ਨੂੰ ਟੈਸਟ ਕਰੋ

## ਮੈਨੂੰ ਆਪਣਾ ਧੂੰਏਂ ਦਾ ਅਲਾਰਮ ਕਿੱਥੇ ਇੰਸਟਾਲ ਕਰਨਾ ਚਾਹੀਦਾ ਹੈ?

ਧੂੰਏਂ ਦੇ ਅਲਾਰਮ ਨੂੰ ਛੱਤ ਉੱਤੇ ਜਾਂ ਇਸਦੇ ਨੇੜੇ ਜਾਂ ਨਿਰਮਾਤਾ ਦੇ ਇੰਸਟਾਲੇਸ਼ਨ ਨਿਰਦੇਸ਼ਾਂ ਵਿੱਚ ਦਿੱਤੇ ਮੁਤਾਬਕ ਇੰਸਟਾਲ ਕਰੋ।




ਧੂੰਏਂ ਦੇ ਅਲਾਰਮ ਛੱਤਾਂ ਤੇ ਜਾਂ ਇਹਨਾਂ ਦੇ ਨੇੜੇ ਇੰਸਟਾਲ ਕਰਨੇ ਹੁੰਦੇ ਹਨ, ਡੈਡ ਏਅਰ ਸਪੇਸ ਦੇ ਅੰਦਰ ਨਹੀਂ

ਜੇਕਰ ਤੁਸੀਂ ਗਲਤ ਜਗ੍ਹਾ ਤੇ ਧੂੰਏਂ ਦਾ ਅਲਾਰਮ ਇੰਸਟਾਲ ਕਰਦੇ ਹੋ, ਤਾਂ ਧੂੰਏਂ ਲਈ ਇਸਦੀ ਪ੍ਰਤੀਕਿਰਿਆ ਦੇਰੀ ਨਾਲ ਹੋ ਸਕਦੀ ਹੈ ਜਾਂ ਹੋ ਸਕਦਾ ਹੈ ਕਿ ਅਲਾਰਮ ਦੀ ਅਵਾਜ਼ ਹੀ ਨਾ ਆਵੇ।

905.458.5580
bramptonfire.com
firelife@brampton.ca
BramptonFire
@BramptonFireES
BRAMPTON